# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
## ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com

## ਹੁਕਮ

ਨੰ: ਐਸ.ਐਸ.ਏ/ਇਨਫੋਰਸਮੈਂਟ /2012/ ੧੦੬੫੧ ਮਿਤੀ 18/12/12

ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਰਕਾਰੀ ਹਾਈ ਸਕੂਲ ਕੁਲਾਣਾ ਜ਼ਿਲਾ ਮਾਨਸਾ ਵੱਲੋਂ ਡਿਊਟੀ ਦੌਰਾਨ ਨਿਮਨਲਿਖਤ ਅਨੁਸਾਰ ਕੋਤਾਹੀਆਂ ਕੀਤੀਆਂ ਗਈਆਂ ਹਨ :-

- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਅਨੁਸ਼ਾਸਨਹੀਨਤਾ ਕਰਦਾ ਹੈ ਅਤੇ ਮੁੱਖ ਅਧਿਆਪਕ ਦੀ ਕੋਈ ਆਗਿਆ ਨਹੀਂ ਮੰਨਦਾ ।
- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਕਹਿਣ ਦੇ ਬਾਵਜੂਦ ਕਲਾਸਾਂ ਕਮਰਿਆਂ ਦੇ ਬਾਹਰ ਲਗਾਉਂਦਾ ਹੈ।
- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਆਰਡਰ ਬੁੱਕ ਵਿੱਚ ਕੱਢੇ ਆਰਡਰ ਨੋਟ ਨਹੀਂ ਕਰਦਾ ਅਤੇ ਸਗੋਂ ਆਰਡਰ ਬੁੱਕ ਵਿੱਚ ਗਲਤ ਟਿੱਪਣੀਆਂ ਲਿਖ ਦਿੰਦਾ ਹੈ।
- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਕੂਲ ਵਿੱਚ ਪੜ੍ਹਾ ਰਹੀਆਂ ਅਧਿਆਪਕਾਵਾਂ ਦੇ ਖਾਨੇ ਵਿੱਚ ਛੁੱਟੀ ਭਰ ਦਿੰਦਾ ਹੈ।
- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਕੂਲ ਵਿੱਚ ਪੜ੍ਹਾਉਣ ਦੀ ਬਜਾਏ ਅਖਬਾਰ ਪੜ੍ਹਦਾ ਰਹਿੰਦਾ ਹੈ।
- ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਕੂਲ ਦੀ ਮੁੱਖ ਅਧਿਆਪਕਾ ਬਾਰੇ ਅਸ਼ਲੀਲ ਗੱਲਾਂ ਕਰਦਾ ਹੈ ਜਿਸ ਨਾਲ ਉਸ ਦਾ ਵਿਆਹੁਤਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ।

ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਰਕਾਰੀ ਹਾਈ ਸਕੂਲ ਕੁਲਾਣਾ ਜ਼ਿਲਾ ਮਾਨਸਾ ਦੀਆਂ ਉਪਰੋਕਤ ਕੋਤਾਹੀਆਂ ਅਤੀ ਗੰਭੀਰ, ਨਿੰਦਣਯੋਗ ਅਤੇ ਸਿੱਖਿਆ ਵਿਰੋਧੀ ਹਨ ਅਤੇ ਇਹ ਕੋਤਾਹੀਆਂ ਕਰਕੇ ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਕੂਲ ਦਾ ਮਾਹੌਲ ਖਰਾਬ ਕਰ ਰਿਹਾ ਹੈ।

ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਰਕਾਰੀ ਹਾਈ ਸਕੂਲ ਕੁਲਾਣਾ ਜ਼ਿਲਾ ਮਾਨਸਾ ਨੂੰ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਮਾਨਸਾ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਐਸ.ਐਸ.ਏ/ਇਨਫੋਰਸਮੈਂਟ /2012/ ੧੦੬੫੧ ਮਿਤੀ 18/12/12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਿਪਟੀ ਐਸ.ਪੀ.ਡੀ (ਰਮਸਾ )
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਮਾਨਸਾ।
3. ਸ਼੍ਰੀ ਬਲਜੀਤ ਸਿੰਘ ਹਿੰਦੀ ਮਾਸਟਰ ਸਰਕਾਰੀ ਹਾਈ ਸਕੂਲ ਕੁਲਾਣਾ ਜ਼ਿਲਾ ਮਾਨਸਾ ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।